# ਕੀੜੇ ਮਕੌੜੇ

## ਸ਼ਹਿਤ ਦੀ ਮੱਖੀ, ਕੀੜੀ ਤੇ ਟਿੱਡੀ

G-664

ਲੇਖਕ–

ਭਾਈ ਮੋਹਨ ਸਿੰਘ ਜੀ ਵੈਦ ਤਰਨਤਾਰਨ

ਪ੍ਰਕਾਸ਼ਕ–

ਪੰਜਾਬੀ ਕਿਤਾਬ ਘਰ

ਅੰਮ੍ਰਿਤਸਰ

੧੯੩੩.

ਕੀਮਤ ।)

# ਭੂਮਕਾ

ਕੀੜਿਆਂ ਮਕੌੜਿਆਂ ਦੀ ਕਥਾ ਵੀ ਆਮ ਕਹਾਣੀਆਂ ਵਾਙੂ ਬੜੀ ਦਿਲਚਸਪ ਤੇ ਮਨਭਾਉਣੀ ਹੁੰਦੀ ਹੈ। ਕੇਹੜਾ ਬੱਚਾ ਹੈ, ਜੋ ਮਾਖਿਉਂ ਦੀ ਮੱਖੀ ਦੀ ਕਾਰੀਗਰੀ ਵੇਖ ਕੇ ਹੈਰਾਨ ਨਹੀਂ ਹੁੰਦਾ ਜਾਂ ਕੀੜੀਆਂ ਦੇ ਮਹਿਲਾਂ ਦੀ ਅਸਚਰਜ ਉਸਾਰੀ ਤਕ ਕੇ ਵਾਹ ਵਾਹ ਨਹੀਂ ਕਰ ਉਠਦਾ। ਕੀੜਿਆਂ ਦਾ ਹਾਲ ਦਿਲਚਸਪ ਹੋਣ ਦੇ ਨਾਲ ਹੀ ਬੇਹਦ ਸਿਖਿਆ ਦਾਇਕ ਹੁੰਦਾ ਹੈ। ਉਨ੍ਹਾਂ ਦੇ ਜੀਵਨ ਤੋਂ ਬਹਾਦਰੀ, ਦਲੇਰੀ ਸਹਿਨਸ਼ੀਲਤਾ, ਮਿਹਨਤ, ਭਰਾਤਰੀ ਪ੍ਰੇਮ ਆਦਕ ਅਨੇਕਾਂ ਗੁਣ ਪ੍ਰਾਪਤ ਹੁੰਦੇ ਹਨ। ਇਸ ਦੇ ਨਾਲ ਹੀ ਵਾਹਿਗੁਰੂ ਦੀ ਇਸ ਅਜੀਬ ਰੰਗਾ ਰੰਗ ਦੀ ਖ਼ਲਕਤ ਦੇ ਅਸਚਰਜ ਹਾਲ ਵੇਖ ਕੇ ਉਸ ਕਰਨ ਹਾਰ ਦੀ ਕੁਦਰਤ ਅੱਖਾਂ ਅੱਗੇ ਫਿਰ ਜਾਂਦੀ ਹੈ। ਕਾਦਰ ਦੀ ਹੋਂਦ ਦਾ ਸਹੀ ਗਿਆਨ ਤਾਂ ਉਸ ਦੀਆਂ ਇਹੋ ਜਹੀਆਂ ਕੁਦਰਤਾਂ ਵੇਖ ਕੇ ਹੀ ਹੁੰਦਾ ਹੈ।

ਬੱਚਿਆਂ ਵਿੱਚ ਕੁਦਰਤ (ਕੀੜੇ ਮਕੌੜੇ, ਜਾਨਵਰ, ਪੰਛੀ, ਘਾਹ ਬੂਟ, ਫੁੱਲਾਂ, ਪਥਰਾਂ ਆਦ) ਦੀ ਵਾਕਫ਼ੀ ਪ੍ਰਾਪਤ ਕਰਨ ਦਾ ਬੜਾ ਸ਼ੌਕ ਹੁੰਦਾ ਹੈ। ਉਨ੍ਹਾਂ ਨੂੰ ਜੀਅ ਜੰਤ ਨਾਲ ਪਿਆਰ ਹੁੰਦਾ ਹੈ ਤੇ ਉਹ ਇਨ੍ਹਾਂ ਬਾਰੇ ਕਈ ਤਰਾਂ ਦੀਆਂ ਪੁੱਛਾਂ ਕਰਦੇ ਹਨ। ਅਫਸੋਸ ਹੈ ਕਿ ਹਿੰਦੁਸਤਾਨੀ

ਮਾਪੇ ਬੱਚਿਆਂ ਦੀ ਇਸ ਚਾਹ ਨੂੰ ਵਿੱਚੇ ਵਿੱਚ ਦੱਬ ਦੇਂਦੇ ਹਨ। ਬੱਚਿਆਂ ਨੂੰ ਕੁਦਰਤ ਨਾਲ ਜਿੰਨਾ ਅਭੇਦ ਹੋਣ ਦਿੱਤਾ ਜਾਵੇ, ਉੱਨੇ ਹੀ ਉਨ੍ਹਾਂ ਦੇ ਜੀਵਨ ਉੱਚੇ ਹੋਣਗੇ।

ਇਹ ਕਿਤਾਬ ਜਿੱਥੇ ਬੱਚਿਆਂ ਦਾ ਮਨ ਪ੍ਰਸੰਨ ਕਰੇਗੀ ਤੇ ਉਨ੍ਹਾਂ ਨੂੰ ਕੀੜਿਆਂ ਦੀਆਂ ਆਦਤਾਂ ਤੋਂ ਜਾਣੂ ਕਰੇਗੀ, ਉੱਥੇ ਉਨ੍ਹਾਂ ਵਿੱਚ ਖੋਜ ਭਾਲ ਦਾ ਮਾਦਾ ਪੈਦਾ ਕਰ ਕੇ ਕੁਦਰਤ ਦਾ ਮੁਤਾਲਿਆ ਕਰਨ ਦਾ ਸ਼ੌਕ ਵਧਾਏਗੀ।

ਕਰਤਾ



# ਕੀੜੇ ਮਕੌੜੇ

## ਪਹਿਲਾ ਕਾਂਡ

## ਮਾਖਿਉਂ ਦੀ ਮੱਖੀ

ਮਾਖਿਉਂ ਦੀ ਮੱਖੀ ਬਹੁਤ ਚਿਰ ਤੋਂ ਆਪਣੀ ਮਿਹਨਤ ਅਤੇ ਕਾਰੀਗਰੀ ਕਰ ਕੇ ਪ੍ਰਸਿੱਧ ਹੈ। ਵਡੇ ਤੋਂ ਵਡੇ ਵਿਦਵਾਨਾਂ ਤੇ ਲੇਖਕਾਂ ਨੇ ਇਸ ਨਿੱਕੇ ਜਿੰਨੇ ਜੀ ਉੱਤੇ ਕਲਮ ਚੁੱਕੀ ਹੈ। ਕਈ ਇੱਕ ਵਿਦਵਾਨਾਂ ਨੇ ਤਾਂ ਆਪਣਾ ਸਾਰਾ ਜੀਵਨ ਏਸੇ ਮੱਖੀ ਦੇ ਕੰਮਾਂ ਤੇ ਆਦਤਾਂ ਦੀ ਖੋਜ ਪਿੱਛੇ ਵਤੀਤ ਕਰ ਦਿੱਤਾ ਹੈ। ਆਖਦੇ ਹਨ ਐਰਿਸਫੋਮੇਕਸ ਨਾਮੀ ਵਿਦਵਾਨ ਨੇ ਸੱਠ ਵਰ੍ਹੇ ਮਾਖਿਉਂ ਦੀ ਮੱਖੀ ਪਿੱਛੇ ਹੀ ਲੰਘਾ ਦਿੱਤੇ ਸਨ ਅਤੇ ਫਿਲਸਕਸ ਆਪਣਾ ਘਰ ਘਾਟ ਛੱਡ ਕੇ ਏਸੇ ਲਈ ਜੰਗਲ ਵਿੱਚ ਜਾ ਬੇਠਾ ਸੀ ਕਿ ਮੱਖੀ ਦੀਆਂ ਆਦਤਾਂ ਦਾ ਪਤਾ ਲਵੇ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਮਾਖਿਉਂ ਦੀਆਂ ਮੱਖੀਆਂ ਦੀ ਮਸ਼ਹੂਰੀ ਉਸ ਦੀਆਂ ਕਈਆਂ ਚੀਜ਼ਾਂ ਦੇ ਕਾਰਨ ਹੈ। ਉਹ ਚੀਜ਼ਾਂ ਉਹ ਆਪਣੀ ਮਿਹਨਤ ਨਾਲ ਤਿਆਰ ਕਰਦੀਆਂ ਹਨ। ਸ਼ਹਿਤ ਤੇ ਮੋਮ ਇਸ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.